# ਨੀਲ ਬਸਨ ਬਨਵਾਰੀ

ਰਾਗ ਸੋਰਠਿ ਪਾਤਸਾਹੀ ੧੦ ॥
ਪ੍ਰਭ ਜੂ ਤੋ ਕਹ ਲਾਜ ਹਮਾਰੀ ॥
ਨੀਲਕੰਠ ਨਰਹਰਿ ਨਾਰਾਇਣ ਨੀਲ ਬਸਨ ਬਨਵਾਰੀ ॥੧॥ਰਹਾਉ॥

**ਨੀਲ ਕੰਠ - ਦੋਖ ਰਹਿਤ; ਨਰਹਰਿ - ਨਰਸਿੰਘ; ਨੀਲ ਬਸਨ - ਨੀਲੇ ਅੰਬਰ ਵਿਚ ਰਹਿਣ ਵਾਲਾ, ਅਪਰ ਅਪਾਰ, Transcendental.**

ਇਹ ਸ਼ਬਦ, ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦਾ, ਸੋਰਠਿ ਰਾਗ ਵਿਚ ਉਚਾਰਣ ਕੀਤਾ ਹੋਇਆ ਹੈ। ਸ਼ਬਦ ਹਜ਼ਾਰੇ ਸਿਰਲੇਖ ਹੇਠ, ਇਹ ਚੌਥਾ ਸ਼ਬਦ ਹੈ। ਇਸ ਸ਼ਬਦ ਵਿਚ ਪਾਤਸ਼ਾਹ ਨੇ ਪ੍ਰਭੂ ਦੇ ਵਖ ਵਖ ਗੁਣਾਂ ਨੂੰ ਯਾਦ ਕਰਕੇ ਉਸ ਦਾ ਗੁਣ ਗਾਨ ਕੀਤਾ ਹੈ। ਮਹਾਰਾਜ ਨੇ ਆਪਣੀ ਸ਼ਾਹਕਾਰ ਰਚਨਾ, ਜਾਪੁ ਸਾਹਿਬ ਵਿਚ ਵੀ, ਪ੍ਰਭੂ ਨੂੰ ਉਸ ਦੇ ਅਨੇਕਾਂ ਸਿਫ਼ਾਤੀ ਨਾਵਾਂ ਨਾਲ, ਸਿਫ਼ਤ ਸਲਾਹ ਕੀਤੀ ਹੈ। ਸਿਫ਼ਾਤੀ ਨਾਂ ਉਹ ਹੁੰਦੇ ਹਨ ਜੋ ਉਸ ਦੇ ਕੀਤੇ ਵਡੇ ਕੰਮਾਂ ਦੇ ਆਧਾਰ ਤੇ ਬਣ ਜਾਂਦੇ ਹਨ। ਜਾਪੁ ਸਾਹਿਬ ਦੇ ਪਹਿਲੇ ਛੰਦ ਵਿਚ ਹੀ ਮਹਾਰਾਜ ਨੇ ਇਹ ਗਲ ਸਪੱਸ਼ਟ ਕੀਤੀ ਹੈ ਕਿ '**ਪ੍ਰਭੂ ਦੇ ਸਾਰੇ ਨਾਂ ਕੌਣ ਬਿਆਨ ਕਰ ਸਕਦਾ ਹੈ, ਅਸੀਂ, ਤੇਰੀ ਕਿਰਪਾ ਨਾਲ, ਤੇਰੀ ਦਿਤੀ ਚੰਗੀ ਮੱਤ ਨਾਲ, ਤੇਰੇ ਕੁਝ 'ਕਰਮ ਨਾਮ' ਬਿਆਨ ਕਰਨ ਲਗੇ ਹਾਂ**' - "ਤਵ ਸਰਬ ਨਾਮ ਕਥੈ ਕਵਨ ਕਰਮ ਨਾਮ ਬਰਨਤ ਸੁਮਤਿ।।" ਇਸ ਸ਼ਬਦ ਵਿਚ ਵੀ ਇਹੀ ਢੰਗ ਅਪਣਾਇਆ ਗਿਆ ਹੈ।

- - ਹੇ ਪ੍ਰਭੂ ਜੀ, ਸਾਡੀ ਲਾਜ ਤੁਹਾਡੇ ਹਥ ਹੈ।

- - ਤੁਸੀਂ ਹੀ ਨੀਲ ਕੰਠ, ਭਾਵ, ਦੋਖ ਰਹਿਤ, ਨਰ ਹਰਿ, ਨਾਰਾਇਣ ਹੋ। ਤੁਸੀਂ ਹੀ ਨੀਲ, ਭਾਵ, ਅਕਾਸ਼ ਵਿਚ ਵਸਣ ਵਾਲੇ ਹੋ।੧।ਰਹਾਉ।

ਇਹ ਵੀ ਸਾਰੇ, ਪ੍ਰਭੂ ਦੇ ਸਿਫ਼ਾਤੀ ਨਾਂ ਹੀ ਹਨ। 'ਨੀਲ ਕੰਠ', ਸ੍ਰੀ ਕ੍ਰਿਸ਼ਨ ਜੀ ਦਾ ਨਾਂ ਸੀ, ਜਿਸਦਾ ਭਾਵ ਹੈ, ਜਿਸ ਵਿਚ ਕੋਈ ਦੋਖ ਨਾ ਹੋਵੇ। 'ਨਰ ਹਰਿ' ਵੀ ਪ੍ਰਭੂ ਦਾ ਉਹ ਗੁਰ-ਜੋਤਿ ਸਰੂਪ ਹੈ, ਜਿਸ ਨੇ, ਭਗਤ ਪ੍ਰਹਿਲਾਦ ਦੀ ਰਖਿਆ ਲਈ, ਉਸਦੇ ਪਿਤਾ ਨੂੰ ਖਤਮ ਕਰਨ ਲਈ, '**ਨਰ-ਸਿੰਘ**' ਦਾ ਰੂਪ ਧਾਰਨ ਕੀਤਾ ਸੀ। 'ਨਾਰਾਇਣ' ਵੀ ਹਮੇਸ਼ਾਂ, ਸਮੇਂ ਸਮੇਂ ਤੇ ਪ੍ਰਗਟ ਹੋਈ, ਗੁਰ-ਜੋਤਿ ਨੂੰ ਹੀ ਕਿਹਾ ਜਾਂਦਾ ਰਿਹਾ ਹੈ। ਇਹ ਲਫਜ਼, ਸ੍ਰੀ ਰਾਮ ਚੰਦਰ ਲਈ, ਸ੍ਰੀ ਕ੍ਰਿਸ਼ਨ ਜੀ ਲਈ

ਅਤੇ ੧੦ ਸ੍ਰੀ ਗੁਰੂ ਨਾਨਕ ਸਾਹਿਬਾਨ ਦੀ ਜੋਤਿ ਲਈ ਵਰਤਿਆ ਗਿਆ ਹੈ। 'ਸਵਈਏ ਮਹਲੇ ਤੀਜੇ ਕੇ' ਬਾਣੀ ਵਿਚ, ਪੰਨਾ ੧੩੯੫ ਤੇ, ਸ੍ਰੀ ਗੁਰੂ ਅਮਰਦਾਸ ਸਾਹਿਬ ਨੂੰ ਸੰਬੋਧਨ ਕਰਦਿਆਂ ਅੰਕਤ ਹੈ ਕਿ ਤੁਸੀਂ ਹੀ 'ਨਾਰਾਇਣ' ਹੋ, ਜੋ ਗੁਰਿਆਈ, ਸ਼ਕਤੀ (Sovereignty) ਧਾਰਣ ਕਰ ਕੇ, ਇਸ ਜਗ ਵਿਚ ਪ੍ਰਵਿਰਤ ਹੋ ਕੇ, **ਸਰੂਪ ਵਟਾ ਕੇ**, ਪਰਵੇਸ਼ ਹੋਏ ਹੋ, ਇਸ ਤਰ੍ਹਾਂ, ਨਿਰੰਕਾਰ ਨੇ ਆਕਾਰ ਰੂਪ ਧਾਰ ਕੇ ਆਪਣੀ ਜੋਤਿ, ਸੱਤਾ ਇਸ ਜੱਗ ਵਿਚ ਪ੍ਰਗਟ ਕੀਤੀ ਅਤੇ ਨਾਨਕ ਦੀ ਰੱਬੀ, ਨਿਰਮਲ ਕੁਲ ਵਿਚ, ਭਾਈ ਲਹਿਣਾ ਜੀ, ਗੁਰੂ ਅੰਗਦ ਸਾਹਿਬ ਦੇ ਸਮੇਤ, ਅਵਤਾਰ ਧਾਰਿਆ - 'ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ।। ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲ ਕਰਿਯਉ।।.. ਨਾਨਕ ਕੁਲਿ ਨਿੰਮਲੁ ਅਵਤਰਿਉ ਅੰਗਦ ਲਹਣੇ ਸੰਗਿ ਹੁਅ।।'

ਤੂੰ ਹੀ 'ਨੀਲ ਬਸਨ' ਹੈਂ, ਭਾਵ, ਨੀਲੇ ਅੰਬਰ ਵਿਚ ਵਾਸਾ ਰਖਣ ਵਾਲਾ ਹੈਂ, ਭਾਵ, ਅਪਰ ਅਪਾਰ ਜਾਂ Transcendental ਹੈਂ। ਤੂੰ ਹੀ ਬਨਸਪਤੀ ਦੀ ਮਾਲਾ ਪਹਿਨਣ ਵਾਲਾ ਬਨਵਾਰੀ ਹੈਂ। ਬਾਣੀ ਵਿਚ ਹਰੀ ਨੂੰ ਸਾਰੇ ਗੁਣਾਂ ਵਾਲਾ ਬਨਵਾਰੀ ਕਿਹਾ ਗਿਆ ਹੈ - 'ਹਰਿ ਗੁਣ ਕਹਿ ਨ ਸਕਉ ਬਨਵਾਰੀ।।', ਪੰਨਾ ੬੬੬. ਵੈਸੇ ਸ੍ਰੀ ਕ੍ਰਿਸ਼ਨ ਜੀ ਨੂੰ 'ਬਨਵਾਰੀ' ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਹੋਰ ਅਨੇਕਾਂ ਪ੍ਰਮਾਣ ਹਨ :

'ਨਰ ਨਾਰਾਇਣ ਅੰਤਰਜਾਮਿ।।', ਪੰਨਾ ੧੫੩

'ਚਿਤਿ ਚਿਤਵਹੁ ਨਾਰਾਇਣ ਏਕ।।', ਪੰਨਾ ੨੯੪

'ਅਜਾਮਲ ਪ੍ਰੀਤਿ ਪੁਤ੍ਰ ਪ੍ਰਤਿ ਕੀਨੀ ਕਰਿ ਨਾਰਾਇਣ ਬੋਲਾਰੇ।।', ਪੰਨਾ ੯੮੧

'ਉਦਿਆਨ ਬਸਨੰ ਸੰਸਾਰੰ ਸਨਬੰਧੀ ਸ੍ਵਾਨ ਸਿਆਲ ਖਰਹ।।', ਪੰਨਾ ੧੩੫੯

'ਤਸਬੀ ਸਾ ਤਿਸੁ ਭਾਵਸੀ ਨਾਨਕ ਰਖੈ ਲਾਜ।।', ਪੰਨਾ ੧੪੦

ਪਰਮ ਪੁਰਖ ਪਰਮੇਸੁਰ ਸੁਆਮੀ ਪਾਵਨ ਪਉਨ ਅਹਾਰੀ ॥
ਮਾਧਵ ਮਹਾ ਜੋਤਿ ਮਧੁ ਮਰਦਨ ਮਾਨ ਮੁਕੰਦ ਮੁਰਾਰੀ ॥੧॥

- - ਉਹ ਪਰਮਾਤਮਾ, ਪਰਮ ਪੁਰਖ ਹੈ, ਪਰਮੇਸ਼ਰ ਹੈ, ਪਵਿਤਰ ਮਾਲਕ ਹੈ ਅਤੇ ਪੌਣ ਦਾ ਆਹਾਰ ਕਰਨ ਵਾਲਾ ਹੈ।

ਦਸਵੇਂ ਪਾਤਸ਼ਾਹ ਨੇ ਰਾਮਕਲੀ ਰਾਗ ਦੇ ਇਕ ਸ਼ਬਦ ਵਿਚ, ਪ੍ਰਭੂ ਨੂੰ 'ਪਰਮ

ਪੁਰਖ' ਕਿਹਾ ਹੈ - 'ਤਬ ਹੀ ਆਤਮ ਤਤ ਕੋ ਦਰਸੇ ਪਰਮ ਪੁਰਖ ਕਹ ਪਾਵੈ।।'

- - ਤੂੰ ਹੀ ਮਾਧਵ ਜਾਂ ਮਾਇਆ, ਲਛਮੀ ਦਾ ਪਤੀ ਹੈਂ, ਵਡੀ ਜੋਤਿ ਵਾਲਾ ਹੈਂ, ਮਧੁ ਦੈਂਤ ਨੂੰ ਮਾਰਣ ਵਾਲਾ ਸ੍ਰੀ ਕ੍ਰਿਸ਼ਨ ਹੈਂ, ਮੋਖ ਦਾ ਮਾਣ ਪ੍ਰਦਾਨ ਕਰਣ ਵਾਲਾ ਹੈਂ ਅਤੇ ਮੁਰ ਰਾਖ਼ਸ਼ ਨੂੰ ਮਾਰਣ ਵਾਲਾ, ਸ੍ਰੀ ਕ੍ਰਿਸ਼ਨ ਹੈਂ।

ਪ੍ਰਭੂ ਨੂੰ, ਭਗਤ ਸੈਣ ਜੀ ਨੇ, ਪੰਨਾ ੬੯੫ ਤੇ, 'ਲਛਮੀ ਦਾ ਪਤੀ' ਕਹਿ ਕੇ ਵਾਰਨੇ ਗਏ ਹਨ - 'ਵਾਰਨੇ ਜਾਉ ਕਮਲਾ ਪਤੀ।।' ਭਗਤ ਕਬੀਰ ਜੀ ਨੇ, ਪੰਨਾ ੧੧੬੨ ਤੇ, 'ਲਛਮੀ ਦੇ ਪਤੀ', ਪ੍ਰਭੂ ਦੇ, ਹਿਰਦੇ ਵਿਚ ਵਸਣ ਦੀ ਗਲ ਕੀਤੀ ਹੈ - 'ਜਹ ਪਉੜੇ ਸ੍ਰੀ ਕਮਲਾ ਕੰਤ।।'

ਸ੍ਰੀ ਗੁਰੂ ਰਾਮਦਾਸ ਸਾਹਿਬ ਨੇ, ਪੰਨਾ ੯੪ ਤੇ, ਪ੍ਰਭੂ ਨੂੰ ਮਧੁਸੂਦਨ ਕਹਿ ਕੇ ਆਪਣੇ ਪ੍ਰਾਣ ਦਸਿਆ ਹੈ - 'ਮਧੁਸੂਦਨ ਮੇਰੇ ਮਨ ਤਨ ਪ੍ਰਾਨਾ।।'

ਸ੍ਰੀ ਗੁਰੂ ਅਰਜਨ ਸਾਹਿਬ ਨੇ, ਪੰਨਾ ੧੦੮੨ ਤੇ, ਉਚਾਰਣ ਕੀਤਾ ਹੈ - 'ਮੋਹਨ ਮਾਧਵ ਕ੍ਰਿਸ ਮੁਰਾਰੇ।।'

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ, ਪ੍ਰਭੂ ਲਈ, ਇਨ੍ਹਾਂ ਨਾਵਾਂ ਦੀ ਵਰਤੋਂ ਕੀਤੀ ਗਈ ਹੈ। ਇਹ ਗਲ ਵਾਰ ਵਾਰ ਦ੍ਰਿੜ ਕਰਣ ਦੀ ਲੋੜ ਹੈ ਕਿ ਸਮੁਚੀ ਗੁਰਬਾਣੀ ਵਿਚ, ਪ੍ਰਭੂ ਲਈ ਅਤੇ ਗੁਰ-ਜੋਤਿ ਸਰੂਪੀ ਮਹਾਤਮਾਵਾਂ ਲਈ ਉਹੀ ਉਹੀ ਨਾਂ ਵਰਤੇ ਗਏ ਹਨ, ਕੋਈ ਭੇਦ ਨਹੀਂ ਕੀਤਾ ਗਿਆ। ਹੁਣ ਤਕ ਸ੍ਰੀ ਕ੍ਰਿਸ਼ਨ ਜੀ ਦੇ ਸਭ ਤੋਂ ਵਧ ਨਾਂ ਆਏ ਹਨ। ਪੰਨਾ ੧੦੮੨ ਤੇ, ਸ੍ਰੀ ਗੁਰੂ ਅਰਜਨ ਸਾਹਿਬ ਦੇ, ੨੧ ਪਦਿਆਂ ਦੇ, ਇਕ ਲੰਮੇ ਸ਼ਬਦ ਵਿਚ ਪਰਮਾਤਮਾ ਲਈ ਅਨੇਕਾਂ ਹੀ ਨਾਂ ਵਰਤੇ ਹਨ ਜੋ ਸ੍ਰੀ ਕ੍ਰਿਸ਼ਨ ਜੀ ਦੇ ਕੰਮਾਂ ਤੇ ਅਧਾਰਤ ਹਨ, ਜਿਵੇਂ ਮਧੁਸੂਦਨ, ਦਾਮੋਦਰ, ਕੇਸ਼ਵ, ਗੋਵਰਧਨ ਧਾਰੀ, ਮੁਰਲੀ ਮਨੋਹਰ, ਮੋਹਨ, ਮਾਧਵ, ਮੁਰਾਰੀ ਆਦਿ। ਇਸੇ ਸ਼ਬਦ ਵਿਚ, ਹੋਰ ਗੁਰ-ਜੋਤਿ ਰੂਪੀ ਮਹਾਂਪੁਰਖਾਂ ਦੇ ਨਾਂ ਵੀ ਸ਼ਾਮਲ ਹਨ, ਜਿਵੇਂ ਨਰ ਸਿੰਘ, ਦਾੜਾ ਅਗ੍ਰੇ (ਵਰਾਹ), ਬਾਵਨ, ਰਾਮ ਚੰਦ, ਬਾਸਦੇਵ, ਮਛ, ਕਛ ਆਦਿ।

ਹੋਰ ਵੀ ਕਈ ਥਾਵਾਂ ਤੇ ਗੁਰ-ਜੋਤਿ ਰੂਪੀ ਮਹਾਤਮਾਵਾਂ ਦੇ ਕੰਮਾਂ ਤੇ ਅਧਾਰਤ ਨਾਂ ਗੁਰੂ ਗ੍ਰੰਥ ਸਾਹਿਬ ਵਿਚ ਇੰਞ ਆਏ ਹਨ - 'ਨਾਮੇ ਕੇ ਸ੍ਵਾਮੀ ਮੀਰ ਮੁਕੰਦ।।' ਪੰਨਾ ੭੨੭, 'ਮਧੁ ਸੂਦਨ ਮੇਰੇ ਮਨ ਤਨ ਪ੍ਰਾਨਾ।।', ਪੰਨਾ ੯੪, 'ਮੁਕੰਦ ਮੁਕੰਦ ਜਪਹੁ ਸੰਸਾਰ।।', ਪੰਨਾ ੮੭੫. 'ਕਵਲ ਨੈਨ ਮਧੁਰ ਬੈਨ ਕੋਟਿ ਸੈਨ ਸੰਗ ਸੋਭ ਕਹਤ ਮਾ ਜਸੋਦ ਜਿਸਹਿ ਦਹੀ ਭਾਤੁ ਖਾਹਿ ਜੀਉ।।', ਪੰਨਾ ੧੪੦੨, ਆਦਿ।

ਦਸਵੇਂ ਪਾਤਸ਼ਾਹ ਨੇ ਸ਼ਬਦ ਹਜ਼ਾਰੇ ਵਿਚ ਫ਼ੁਰਮਾਣ ਕੀਤਾ ਹੈ - 'ਮਾਧਵ ਮਹਾਜੋਤਿ ਮਧੁਮਰਦਨ।।' ਇਤਿਹਾਸ ਵਿਚ, ਮਾਤਾ ਨਾਨਕੀ ਜੀ, ਬਾਲਕ ਗੁਰੂ ਗੋਬਿੰਦ ਰਾਇ ਨੂੰ ਅਜਿਹੇ ਹੀ ਕਈ ਨਾਵਾਂ ਨਾਲ ਬੁਲਾਉਂਦੇ ਸਨ।

ਨਿਰਬਿਕਾਰ ਨਿਰਜੁਰ ਨਿਦ੍ਰਾ ਬਿਨੁ ਨਿਰਬਿਖ ਨਰਕ ਨਿਵਾਰੀ ॥
ਕ੍ਰਿਪਾ ਸਿੰਧੁ ਕਾਲ ਤ੍ਰੈ ਦਰਸੀ ਕੁਕ੍ਰਿਤ ਪ੍ਰਨਾਸਨ ਕਾਰੀ ॥੨॥

**ਨਿਰਜੁਰ - ਪੂਜਣ ਜੋਗ; ਨਿਰਬਿਖ - ਇੰਦਰੀਆਂ ਦੀ ਪਕੜ ਤੋਂ ਬਾਹਰ; ਕੁਕ੍ਰਿਤ - ਮਾੜੇ ਕਰਮ; ਪ੍ਰਨਾਸਨ - ਨਾਸ਼**

- - ਉਹ ਪ੍ਰਭੂ, ਵਿਕਾਰ ਰਹਿਤ ਹੈ, ਪੂਜਣ ਜੋਗ ਹੈ, ਉਹ ਸੌਂਦਾ ਨਹੀਂ, 'ਸਦਾ ਸਦ ਜਾਗਤ ਹੈ', ਉਹ ਇੰਦਰੀਆਂ ਰਾਹੀਂ ਗ੍ਰਹਿਣ ਨਹੀਂ ਹੋ ਸਕਦਾ, ਉਹ ਨਰਕ ਦਾ ਨਿਵਾਰਣ ਕਰਤਾ ਹੈ।

- - ਉਹ ਕਿਰਪਾ ਦਾ ਸਮੁੰਦਰ ਹੈ, ਉਹ ਤਿੰਨਾਂ ਕਾਲਾਂ, ਭਾਵ, ਭੂਤ, ਵਰਤਮਾਨ, ਭਵਿਖ ਦਾ ਦਰਸੀ ਹੈ, ਉਹ ਕੁਕਰਮਾਂ ਦਾ ਨਾਸ ਕਰਣ ਵਾਲਾ ਹੈ।੨।

ਸ੍ਰੀ ਗੁਰੂ ਅੰਗਦ ਸਾਹਿਬ ਨੂੰ, ਪੰਨਾ ੧੩੯੧ ਤੇ, ਦ੍ਰਿਸ਼ਟੀ ਧਰਦਿਆਂ ਹੀ ਪਾਪਾਂ ਦਾ ਨਾਸ਼ ਕਰਣ ਵਾਲਾ ਕਿਹਾ ਹੈ - 'ਦ੍ਰਿਸਟਿ ਧਰਤ ਤਮ ਹਰਨ ਦਹਨ ਅਘ ਪਾਪ ਪ੍ਰਨਾਸਨ।।' ਦਸਮ ਪਾਤਸ਼ਾਹ ਨੇ ਬਚਿਤ੍ਰ ਨਾਟਕ ਵਿਚ ਵੀ ਪ੍ਰਭੂ ਨੂੰ ਮਾੜੇ ਕਰਮਾਂ ਦਾ ਨਾਸ਼ਕ ਕਿਹਾ ਹੈ - 'ਕੁਕ੍ਰਿਤ ਕਰਮ ਜੇ ਜਗ ਮੈ ਕਰਹੀਂ।। ਨਾਮ ਅਸੁਰ ਤਿਨ ਕੋ ਸਭ ਧਰਹੀਂ।।', ਬਚਿਤ੍ਰ ਨਾਟਕ

ਧਨੁਰ ਪਾਨ ਧ੍ਰਿਤਮਾਨ ਧਰਾਧਰ ਅਨਿਬਿਕਾਰ ਅਸਿ ਧਾਰੀ ॥
ਹਉ ਮਤਿ ਮੰਦ ਚਰਨ ਸਰਨਾਗਤਿ ਕਰ ਗਹਿ ਲੇਹੁ ਉਬਾਰੀ ॥੩॥੧॥੪॥

**ਧ੍ਰਿਤਮਾਨ - ਧੀਰਜ ਰਖਣ ਵਾਲਾ; ਧਰਾਧਰ - ਧਰਤੀ ਦਾ ਧਾਰਕ; ਅਸਿ - ਕਿਰਪਾਨ**

- - ਉਹ ਪ੍ਰਭੂ ਧਨੁਖਧਾਰੀ ਹੈ, ਧੀਰਜ ਧਾਰਣ ਕਰਣ ਵਾਲਾ ਹੈ, ਧਰਤੀ ਨੂੰ ਧਾਰਣ ਕਰਣ ਵਾਲਾ ਹੈ, ਵਿਕਾਰਾਂ ਤੋਂ ਰਹਿਤ ਹੈ ਅਤੇ ਕ੍ਰਿਪਾਨ ਦਾ ਧਾਰਨੀ ਹੈ।

- - ਮੈਂ ਮਾੜੀ ਮਤ ਵਾਲਾ ਤੇਰੀ ਸ਼ਰਣ ਵਿਚ ਆਇਆ ਹਾਂ, ਕਿਰਪਾ ਕਰਕੇ ਮੈਂਨੂੰ ਤਾਰ ਲੈ।

ਗੁਰਬਾਣੀ ਵਿਚ ਅਜਿਹੀ ਹੀ ਅਰਦਾਸ ਕਰਣ ਦੀ ਸਮਝ, ਸ੍ਰੀ ਗੁਰੂ ਅਰਜਨ ਦੇਵ ਜੀ, ਪੰਨਾ ੨੪੦ ਤੇ ਦੇ ਰਹੇ ਹਨ ਕਿ ਅਗੇ ਦਾ ਮਾਰਗ ਬਹੁਤ ਭਿਆਨਕ ਹੈ, ਮੈਂ ਸੰਤਾਂ ਦਾ ਆਸਰਾ ਤਕਿਆ ਹੈ, ਕਿਰਪਾ ਕਰਕੇ ਮੈਂਨੂੰ ਉਬਾਰ ਲਉ, ਤਾਰ ਲਉ - 'ਸੁਣਿ ਸੁਣਿ ਪੰਥੁ ਡਰਾਉ ਬਹੁਤੁ ਭੈਹਾਰੀਆ।। ਮੈ ਤਕੀ ਓਟ ਸੰਤਾਹ ਲੇਹੁ ਉਬਾਰੀਆ।।'

ਉਧਾਰ ਕਰਣ ਦੀ ਗਲ, ਦ੍ਰੋਪਦੀ ਬਾਰੇ, ਭਗਤ ਨਾਮਦੇਵ ਜੀ ਨੇ, ਪੰਨਾ ੯੮੮ ਤੇ ਇੰਵ ਕੀਤੀ ਹੈ - 'ਦੁਹਸਾਸਨ ਕੀ ਸਭਾ ਦ੍ਰੋਪਤੀ ਅੰਬਰ ਲੇਤ ਉਬਾਰੀਅਲੇ।।'

ਪ੍ਰਭੂ, ਪਰਮਾਤਮਾ ਨੂੰ, ਗੁਰ-ਜੋਤਿ ਦੇ ਕੰਮਾ ਤੇ ਅਧਾਰਤ ਨਾਵਾਂ ਨਾਲ ਸੰਬੋਧਨ ਕਰਣ ਦੀ ਰਵਾਇਤ ਸਾਰੇ ਬਾਣੀ ਕਾਰਾਂ ਨੇ ਅਪਨਾਈ ਹੈ।

4.7.2020